U.S. DEPARTMENT OF AGRICULTURE

# ਉਤਪਾਦਕਾਂ ਲਈ ਮਹਿੰਗਾਈ ਘਾਟਾ ਕਾਰਵਾਈ ਸਹਾਇਤਾ ਜਿਹਨਾਂ USDA ਫਾਰਮ ਕਰਜ਼ਾ ਪ੍ਰੋਗਰਾਮ ਵਿੱਚ ਪੱਖਪਾਤ ਦਾ ਅਨੁਭਵ ਕੀਤਾ

**(ਆਖਰੀ ਵਾਰ ਅਪਡੇਟ ਕੀਤਾ 5/15/2023; ਅਪਡੇਟਾਂ ਲਈ https://www.farmers.gov/22007 ਚੈੱਕ ਕਰੋ।)**

## ਸੰਖੇਪ ਜਾਣਕਾਰੀ

ਮਹਿੰਗਾਈ ਘਾਟ ਐਕਟ (Inflation Reduction Act) ਦੀ ਧਾਰਾ 22007, ਜਿਸ ਉੱਤੇ ਰਾਸ਼ਟਰਪਤੀ ਬਾਈਡਨ ਦੁਆਰਾ ਅਗਸਤ 2022 ਵਿੱਚ ਦਸਤਖਤ ਕੀਤੇ ਗਏ ਹਨ, ਕਿਸਾਨਾਂ, ਰੈਂਚਰਾਂ, ਅਤੇ ਜੰਗਲੀ ਜ਼ਮੀਨ ਮਾਲਕਾਂ ਲਈ $2.2 ਬੀਲੀਅਨ ਦੀ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ, ਜਿਹਨਾਂ ਨੇ ਜਨਵਰੀ 1, 2021 ਤੋਂ ਪਹਿਲਾਂ USDA ਦੇ ਫਾਰਮ ਕਰਜ਼ਾ ਪ੍ਰੋਗਰਾਮਾਂ ਵਿੱਚ ਪੱਖਪਾਤ ਅਨੁਭਵ ਕੀਤਾ ਸੀ।

USDA ਨੇ ਸੁਣਵਾਈ ਸੈਸ਼ਨਾਂ ਕਰਨ ਅਤੇ ਪ੍ਰੋਗਰਾਮਾ ਦੇ ਡਿਜ਼ਾਇਨ ਬਾਰੇ ਜਨਤਕ ਟਿੱਪਣੀ ਹਾਸਿਲ ਕਰਨ ਲਈ ਤੁਰੰਤ ਕਦਮ ਉਠਾਏ ਹਨ ਤਾਂ ਕਿ ਯਕੀਨੀ ਬਣਾਇਆ ਜਾਵੇ ਕਿ ਕਿਸਾਨਾਂ, ਵਕੀਲਾਂ, ਅਕਾਦਮਿਕ, ਵਿਧੀਕਰਤਾ, ਕਬੀਲਾਈ ਸਰਕਾਰਾਂ, ਅਤੇ ਹੋਰ ਮਾਹਰਾਂ ਨੂੰ ਸੁਣਿਆ ਗਿਆ ਸੀ। USDA 2023 ਦੇ ਅੰਤ ਤੱਕ ਕਿਸਾਨਾਂ ਨੂੰ ਭੁਗਤਾਨ ਕਰਨ ਲਈ ਵਚਨਬੱਧ ਹੈ।

## ਅਸੀਂ ਇਸ ਵੇਲੇ ਕਿੱਥੇ ਹਾਂ

ਜਨਤਕ ਫੀਡਬੈਕ ਉੱਤੇ ਧਿਆਨ ਦੇਣ ਤੋਂ ਬਾਅਦ, ਮਾਰਚ 2023 ਵਿੱਚ, USDA ਨੇ ਪ੍ਰੋਗਰਾਮ ਦੇ ਮੁਲ ਢਾਂਚੇ ਦੀ ਘੋਸ਼ਣਾ ਕੀਤੀ। IRA ਦਰਸਾਉਂਦਾ ਹੈ ਕਿ ਇਹ ਸਹਾਇਤਾ ਗੈਰਸਰਕਾਰੀ ਪ੍ਰੋਗਰਾਮ ਪ੍ਰਸ਼ਾਸਕਾਂ ਦੁਆਰਾ ਪ੍ਰਭਾਵਿਤ ਉਤਪਾਦਕਾਂ ਨੂੰ ਡਿਲੀਵਰ ਕੀਤੀ ਜਾਵੇ।

USDA ਵਿਕਰੇਤਾਵਾਂ ਨਾਲ ਯੋਜਨਾਵਾਂ ਨੂੰ ਆਖਰੀ ਰੂਪ ਦੇਣ ਦੀ ਪ੍ਰਕਿਰਿਆ ਵਿੱਚ ਹੈ ਜੋ, ਮਿਲ ਕੇ, ਰਾਸ਼ਟਰੀ ਪ੍ਰਸ਼ਾਸਕ ਅਤੇ ਚਾਰ ਖੇਤਰੀ ਹੱਬ ਵਜੋਂ ਸੇਵਾ ਕਰੇਗਾ ਜੋ ਯੋਗ ਕਿਸਾਨਾਂ ਤੱਕ ਪਹੁੰਚ ਕਰਨਗੇ ਅਤੇ ਦਰਖਾਸਤਾਂ ਉੱਤੇ ਪ੍ਰਕਿਰਿਆ ਕਰਨਗੇ।

ਦਰਖਾਸਤ ਪ੍ਰਕਿਰਿਆ ਹਾਲੇ ਖੁੱਲੀ ਨਹੀਂ ਹੈ। USDA ਅਤੇ ਵਿਕਰੇਤਾ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਨ ਕਿ ਪ੍ਰਕਿਰਿਆ ਸੌਖੀ ਹੋਵੇਗੀ ਅਤੇ ਤਕਨੀਕੀ ਸਹਾਇਤਾ ਉਪਲਬਧ ਹੋਵੇਗੀ। ਇਸ ਪ੍ਰੋਗਰਾਮ ਲਈ ਦਰਖਾਸਤਾਂ ਮੁਫ਼ਤ ਹਨ, ਅਤੇ ਕਿਸੇ ਵਕੀਲ ਦੀ ਲੋੜ ਨਹੀਂ ਹੈ।

USDA ਵਿਕਰੇਤਾਵਾਂ ਨੂੰ ਉਹਨਾਂ ਸੰਸਥਾਵਾਂ ਨਾਲ ਭਾਈਵਾਲੀ ਕਰਨ ਲਈ ਉਤਸ਼ਾਹਿਤ ਕਰ ਰਿਹਾ ਹੈ ਜਿਹਨਾਂ ਕੋਲ ਖੇਤੀਬਾੜੀ ਦਾ ਤਜਰਬਾ ਹੈ ਅਤੇ ਜੋ ਉਤਪਾਦਕਾਂ ਨਾਲ ਕੰਮ ਕਰਦੇ ਹਨ ਅਤੇ ਉਹਨਾਂ ਦੀ ਨੁਮਾਇੰਦਗੀ ਕਰਦੇ ਹਨ, ਅਤੇ ਜਿਹਨਾਂ ਦਾ USDA ਨਾਲ ਸਬੰਧ ਹੈ। ਇਹ ਭਾਈਵਾਲ ਜਾਂ ਉਪ-ਠੇਕੇਦਾਰ ਵਿੱਤੀ ਸਹਾਇਤਾ ਦਰਖਾਸਤ ਪ੍ਰਕਿਰਿਆ ਵਿੱਚ ਸੰਭਾਵੀ ਬਿਨੈਕਾਰਾਂ ਦੀ ਪਹੁੰਚ ਅਤੇ ਸਹਾਇਤਾ ਕਰ ਸਕਦੇ ਹਨ।

ਇਸ ਤੋਂ ਇਲਾਵਾ, USDA ਆਊਟਰੀਚ ਅਤੇ ਤਕਨੀਕੀ ਸਹਾਇਤਾ ਕਰਨ, ਸੰਭਾਵੀ ਬਿਨੈਕਾਰਾਂ ਨੂੰ ਪ੍ਰੋਗਰਾਮ ਬਾਰੇ ਸੂਚਿਤ ਕਰਨ ਅਤੇ ਅਰਜ਼ੀ ਦੇਣ ਦਾ ਮੌਕਾ ਦੇਣ ਵਿੱਚ ਮੱਦਦ ਲਈ ਹੋਰ ਭਰੋਸੇਮੰਦ ਸਹਿਯੋਗੀਆਂ ਨੂੰ ਲਿਆ ਰਿਹਾ ਹੈ।

ਵਿਕਰੇਤਾ ਜੋ ਦਰਖਾਸਤਾਂ 'ਤੇ ਕਾਰਵਾਈ ਕਰਨਗੇ ਉਨ੍ਹਾਂ ਵਿੱਚ ਮਿਡਟਾਊਨ ਗਰੁੱਪ ਸ਼ਾਮਲ ਹੈ, ਜੋ ਰਾਸ਼ਟਰੀ ਪ੍ਰਸ਼ਾਸਕ ਵਜੋਂ ਕੰਮ ਕਰੇਗਾ; ਵਿੰਡਸਰ ਗਰੁੱਪ, ਜੋ ਕਿ ਅਮਰੀਕਾ ਦੇ ਪੂਰਬੀ ਖੇਤਰਾਂ ਵਿੱਚ ਕਿਸਾਨਾਂ ਦੀ ਸੇਵਾ ਕਰੇਗਾ; ਅਤੇ ਆਨਾਲਿਟਿਕ ਐਕੁਏਸੀਸ਼ਨਸ, ਜੋ ਪੱਛਮੀ ਖੇਤਰਾਂ ਦੀ ਸੇਵਾ ਕਰਨਗੇ। ਤਿੰਨੋਂ ਸੰਸਥਾਵਾਂ ਕੋਲ ਪੇਸ਼ੇਵਰ ਸੇਵਾਵਾਂ, ਸਰਕਾਰੀ ਠੇਕਿਆਂ ਦਾ ਸਮਰਥਨ ਕਰਨ, ਅਤੇ USDA ਪ੍ਰੋਗਰਾਮਾਂ ਵਿੱਚ ਤਜਰਬਾ ਹੈ।

## ਅੱਗੇ ਕੀ ਹੈ

ਉਤਪਾਦਕ ਦੀ ਦਰਖਾਸਤ ਪ੍ਰਕਿਰਿਆ ਅਤੇ ਸਮੇਂ ਬਾਰੇ ਖਾਸ ਵੇਰਵੇ ਜਲਦੀ ਹੀ ਉਪਲਬਧ ਕਰਵਾਏ ਜਾਣਗੇ।

USDA ਦਾ ਉਦੇਸ਼ 2023 ਦੇ ਅੰਤ ਤੱਕ ਪ੍ਰਭਾਵਿਤ ਉਤਪਾਦਕਾਂ ਨੂੰ ਭੁਗਤਾਨ ਵੰਡਣਾ ਹੈ। ਹੋਰ ਜਾਣਕਾਰੀ ਉਪਲੱਬਧ ਹੋਣ 'ਤੇ**https://www.farmers.gov/22007** ਉੱਤੇ ਪੋਸਟ ਕੀਤੀ ਜਾਵੇਗੀ।

## ਹੋਰ ਜਾਣੋ

ਉਤਪਾਦਕ ਦਰਖਾਸਤ ਪ੍ਰਕਿਰਿਆ ਅਤੇ ਸਮੇਂ ਦੇ ਸੰਬੰਧ ਵਿੱਚ ਖਾਸ ਵੇਰਵੇ ਆਉਣ ਵਾਲੇ ਹਫ਼ਤਿਆਂ ਵਿੱਚ **https://www.farmers.gov/22007** ਉੱਤੇ ਉਪਲਬਧ ਕਰਵਾਏ ਜਾਣਗੇ। ਵਾਧੂ ਸਵਾਲਾਂ ਵਿੱਚ ਮਦਦ ਲਈ, ਕਿਰਪਾ ਕਰਕੇ ਇੱਥੇ ਈਮੇਲ ਕਰੋ **askusda@usda.gov**।

**ਜੇਕਰ ਤੁਸੀਂ ਵਰਤਮਾਨ ਸਮੇਂ ਵਿੱਚ USDA ਪ੍ਰੋਗਰਾਮਾਂ ਵਿੱਚ ਪੱਖਪਾਤ ਦਾ ਅਨੁਭਵ ਕਰ ਰਹੇ ਹੋ ਜਾਂ ਪਹਿਲਾਂ ਦਰਜ ਕੀਤੀ ਗਈ ਸ਼ਿਕਾਇਤ ਬਾਰੇ ਜਵਾਬ ਲੱਭਣਾ ਚਾਹੁੰਦੇ ਹੋ ਤਾਂ ਕੀ ਕਰਨਾ ਹੈ?**

ਜੇਕਰ ਤੁਸੀਂ ਵਰਤਮਾਨ ਵਿੱਚ ਪੱਖਪਾਤ ਦਾ ਅਨੁਭਵ ਕਰ ਰਹੇ ਹੋ, ਤਾਂ ਤੁਸੀਂ **ਦਫਤਰ ਸਹਾਇਕ ਸਕੱਤਰ ਸਿਵਲ ਅਧਿਕਾਰ (OASCR) ਨੂੰ ਇਥੇ https://www.usda.gov/oascr/filing-program-discrimination-complaint-usda-customer**, ਜਾਣਕਾਰੀ ਅਧਿਐਨ ਸੇਵਾ, ਨੂੰ ਇੱਥੇ (866) 632-9992 (ਟੋਲ ਫਰੀ) ਸੰਪਰਕ ਕਰ ਸਕਦੇ ਹੋ ਜਾਂ ਸਹਾਇਕ ਸਕੱਤਰ ਸਿਵਲ ਅਧਿਕਾਰ ਦੇ ਦਫਤਰ ਨੂੰ **CR-INFO@usda.gov** ਵਿਖੇ ਈਮੇਲ ਕਰ ਸਕਦੇ ਹੋ।

ਵਿਅਕਤੀ ਜੋ ਬਹਿਰੇ ਹਨ, ਸੁਣਨ ਵਿੱਚ ਮੁਸ਼ਕਿਲ ਆਉਂਦੀ ਹੈ, ਜਾਂ ਭਾਸ਼ਣ ਅਪੰਗਤ ਹੈ ਉਹ ਫੈਡਰਲ ਰੀਲੇ ਸੇਵਾ ਰਾਹੀਂ OASCR ਨੂੰ 711 ਉੱਤੇ ਸੰਪਰਕ ਕਰ ਸਕਦੇ ਹਨ। ਉਹ ਜੋ ਸਪੈਨਿਸ਼ ਨੂੰ ਤਰਜੀਹ ਦਿੰਦੇ ਹਨ (800) 845-6136 ਵਰਤ ਸਕਦੇ ਹਨ।

**USDA ਸਕੱਤਰ ਟੋਮ ਵਿਲਸੈਕ: "ਇਹ ਫੰਡ ਨਿਆਂ ਅਤੇ ਸ਼ਾਮੂਲੀਅਤ, ਸਮਾਨ USDA ਵੱਲ ਲੰਬੀ ਯਾਤਰਾ ਦਾ ਇੱਕ ਹੋਰ ਕਦਮ ਹਨ। ਇਸ ਪ੍ਰੋਗਰਾਮ ਅਤੇ ਨਿਰਪੱਖ, ਵਿਆਪਕ ਵਿੱਤੀ ਸਹਾਇਤੀ ਪ੍ਰਕਿਰਿਆ ਰਾਹੀਂ, USDA ਪਿਛੋਕੜ ਦੀਆਂ ਗਲਤੀਆਂ ਨੂੰ ਸਵੀਕਾਰ ਕਰੇਗਾ ਅਤੇ ਰਾਹ ਖੋਲੇਗਾ ਜੋ ਕਿਸਾਨਾਂ, ਰੈਂਚਰਾਂ ਅਤੇ ਜੰਗਲੀ ਜ਼ਮੀਨ ਮਾਲਕਾਂ, ਜਿਹਨਾਂ ਨੇ USDA ਦੁਆਰਾ ਪੱਖਪਾਤ ਦਾ ਅਨੁਭਵ ਕੀਤਾ ਹੈ ਨੂੰ ਸੁਣਵਾਈ ਦਾ ਮੌਕਾ ਪ੍ਰਦਾਨ ਕਰਨਗੇ।**

**"ਇਸ ਵਿੱਤੀ ਸਹਾਇਤਾ ਨੂੰ ਪ੍ਰਦਾਨ ਕਰਨ ਵਿੱਚ, ਸਾਡਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਯੋਗ ਲੋਕਾਂ ਨੂੰ ਸਮਾਨ, ਸਮਝਣਯੋਗ ਜਾਣਕਾਰੀ ਦਿੱਤੀ ਗਈ ਹੈ ਕਿ ਉਹਨਾਂ ਲਈ ਕੀ ਉਪਲਬਧ ਹੈ, ਕਿਵੇਂ ਅਪਲਾਈ ਕਰਨਾ ਹੈ, ਅਤੇ ਹਰੇਕ ਕਦਮ ਉੱਤੇ USDA ਤੋਂ ਕਿਸਦੀ ਉਮੀਦ ਕਰਨੀ ਹੈ। ਜਿਵੇਂ ਅਸੀਂ ਆਪਣੇ ਸਾਰੇ ਪ੍ਰੋਗਰਾਮ ਹੋਰ ਸਮਾਨ, ਪਹੁੰਚਯੋਗ ਅਤੇ ਜਵਾਬਦੇਹ ਬਣਾਉਂਦੇ ਜਾ ਰਹੇ ਹਾਂ, ਅਸੀਂ ਇਹ ਸਮਾਨ ਸਿਧਾਂਤ ਇਹ ਯਕੀਨੀ ਬਣਾਉਣ ਲਈ ਵੀ ਲਾਗੂ ਕਰ ਰਹੇ ਹਾਂ ਕਿ ਸਾਰੇ ਅਮਰੀਕੀਆਂ ਨੂੰ ਪਤਾ ਹੋਵੇ ਕਿ ਕਿਵੇਂ USDA ਦੀਆਂ ਸੇਵਾਵਾਂ ਲੈਣੀਆਂ ਹਨ ਤਾਂ ਕਿ ਅਸੀਂ ਹੋਰ ਅਸਮਾਨਤਾਵਾਂ ਨੂੰ ਰੋਕ ਸਕੀਏ ਅਤੇ ਲੋਕਾਂ ਦੇ ਵਿਭਾਗ ਦੇ ਨਾਲ ਅੱਗੇ ਵੱਧਦਿਆਂ ਭਰੋਸੇ ਦੇ ਨਵੇਂ ਪੱਧਰ ਉਸਾਰੀਏ।**